# ANGEL'S PUBLIC SCHOOL

Strive for Perfection

## HALF YEARLY EXAMINATION

## (SAMPLE PAPER)

**SESSION 2026 – 27**

**SUBJECT : PUNJABI**

**TIME : 03 HRS** **GRADE – VIII** **M.M:80**

**ਭਾਗ- ੳ**

**1.ਹੇਠਦਿੱਤੇ ਅਣਡਿੱਠੇ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ:** **(5×2=10)**

ਸਾਡੇ ਪਿੰਡ ਦੇ ਬਾਹਰਵਾਰ ਇੱਕ ਪੁਰਾਣਾ ਬਰਗਦ ਦਾ ਦਰੱਖਤ ਹੈ। ਕਿਹਾ ਜਾਂਦਾ ਹੈ ਕਿ ਇਹ ਦਰੱਖਤ ਲਗਭਗ 200 ਸਾਲ ਪੁਰਾਣਾ ਹੈ। ਪਿੰਡ ਦੇ ਲੋਕ ਇਸਨੂੰ "ਪੀਰਾਂ ਵਾਲਾ ਬੂਹਾ" ਕਹਿੰਦੇ ਹਨ। ਗਰਮੀਆਂ ਵਿੱਚ ਜਦੋਂ ਧੁੱਪ ਬਹੁਤ ਤੇਜ਼ ਹੁੰਦੀ ਹੈ ਤਾਂ ਪਿੰਡ ਦੇ ਬੱਚੇ, ਬਜ਼ੁਰਗ ਅਤੇ ਕਿਸਾਨ ਸਾਰੇ ਇਸਦੀ ਛਾਂ ਹੇਠਾਂ ਬੈਠਦੇ ਹਨ। ਦਰੱਖਤ ਦੀਆਂ ਮੋਟੀਆਂ ਟਾਹਣੀਆਂ ਉੱਤੇ ਪੰਛੀ ਚਹਿਕਦੇ ਹਨ ਅਤੇ ਹੇਠਾਂ ਲੋਕ ਸੁੱਖ-ਦੁੱਖ ਦੀਆਂ ਗੱਲਾਂ ਕਰਦੇ ਹਨ। ਪੰਚਾਇਤ ਦੀਆਂ ਮੀਟਿੰਗਾਂ ਵੀ ਅਕਸਰ ਇਸੇ ਦਰੱਖਤ ਹੇਠਾਂ ਹੁੰਦੀਆਂ ਹਨ। ਪਿੰਡ ਦੇ ਨੌਜਵਾਨਾਂ ਨੇ ਹਾਲ ਹੀ ਵਿੱਚ ਇਸਦੇ ਆਲੇ-ਦੁਆਲੇ ਸਫਾਈ ਕੀਤੀ ਅਤੇ ਬੈਂਚ ਲਗਾਏ ਤਾਂ ਜੋ ਹੋਰ ਲੋਕ ਵੀ ਇੱਥੇ ਆ ਕੇ ਬੈਠ ਸਕਣ। ਇਹ ਦਰੱਖਤ ਸਾਨੂੰ ਕੁਦਰਤ ਦੀ ਮਹੱਤਤਾ ਅਤੇ ਰਲ-ਮਿਲ ਕੇ ਰਹਿਣ ਦਾ ਸਬਕ ਦਿੰਦਾ ਹੈ।

ੳ. ਪਿੰਡ ਵਾਲੇ ਬਰਗਦ ਦੇ ਦਰੱਖਤ ਨੂੰ ਕਿਸ ਨਾਮ ਨਾਲ ਬੁਲਾਉਂਦੇ ਹਨ?

(i) ਦਾਦੇ ਵਾਲਾ ਬੂਹਾ (ii) ਪੀਰਾਂ ਵਾਲਾ ਬੂਹਾ

(iii) ਰਾਜਾ ਵਾਲਾ ਬੂਹਾ (iv) ਠੰਡਾ ਬੂਹਾ

ਅ. ਦਰੱਖਤ ਹੇਠਾਂ ਕੌਣ-ਕੌਣ ਬੈਠਦਾ ਹੈ?

(i) ਸਿਰਫ ਬੱਚੇ (ii) ਸਿਰਫ ਕਿਸਾਨ

(iii) ਬੱਚੇ, ਬਜ਼ੁਰਗ ਅਤੇ ਕਿਸਾਨ (iv) ਸਿਰਫ ਪੰਚ

ੲ. ਨੌਜਵਾਨਾਂ ਨੇ ਦਰੱਖਤ ਦੇ ਆਲੇ-ਦੁਆਲੇ ਕੀ ਕੀਤਾ?

(i) ਨਵਾਂ ਦਰੱਖਤ ਲਗਾਇਆ (ii) ਸਫਾਈ ਕੀਤੀ ਅਤੇ ਬੈਂਚ ਲਗਾਏ

(iii) ਤਾਰ ਲਗਾ ਦਿੱਤੀ (iv) ਕੁਝ ਨਹੀਂ ਕੀਤਾ

ਸ. ਲੇਖਕ ਦੇ ਅਨੁਸਾਰ ਇਹ ਦਰੱਖਤ ਸਾਨੂੰ ਕੀ ਸਬਕ ਦਿੰਦਾ ਹੈ?

ਹ. ਪਿੰਡ ਦੀਆਂ ਪੰਚਾਇਤਾਂ ਦੀਆਂ ਮੀਟਿੰਗਾਂ ਕਿੱਥੇ ਹੁੰਦੀਆਂ ਹਨ।

**2. ਹੇਠ ਦਿੱਤੇ ਕਾਵਿ ਟੋਟੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ:** **(5×1=5)**

ਕਵੀ ਤੋਤਾ ਬੋਲੇ ਬੋਲ,
ਮਿੱਠੇ ਮਿੱਠੇ ਬੋਲੇ ਬੋਲ।
ਸਵੇਰੇ ਉੱਠ ਕੇ ਰਾਮ ਰਾਮ ਕਰੇ,
ਸਭਨੂੰ ਖੁਸ਼ੀਆਂ ਵੰਡੇ ਤੋਲ।
ਪਿੰਜਰੇ ਵਿੱਚ ਰਹਿੰਦਾ ਨਹੀਂ,
ਆਜ਼ਾਦੀ ਨਾਲ ਉੱਡਦਾ ਰਹੇ।
ਦਰੱਖਤਾਂ ਤੇ ਬੈਠ ਕੇ ਗੀਤ ਸੁਣਾਵੇ,
ਬਾਗਾਂ ਵਿੱਚ ਖੇਡਦਾ ਰਹੇ।
ਕਵੀ ਤੋਤਾ ਗਿਆਨ ਦੀ ਗੱਲ ਕਰੇ,
ਸੱਚ ਬੋਲਣ ਦਾ ਸਬਕ ਦੇਵੇ।
ਨਫ਼ਰਤ ਭੁੱਲ ਕੇ ਪਿਆਰ ਕਰੋ,
ਇਹੀ ਸੰਦੇਸ਼ ਸਭ ਨੂੰ ਦੇਵੇ।

ੳ. ਕਵੀ ਤੋਤਾ ਸਵੇਰੇ ਉੱਠ ਕੇ ਕੀ ਕਰਦਾ ਹੈ?

(i) ਗੀਤ ਗਾਉਂਦਾ ਹੈ (ii) ਰਾਮ ਰਾਮ ਕਰਦਾ ਹੈ

(iii) ਖਾਣਾ ਖਾਂਦਾ ਹੈ (iv) ਸੌਂਦਾ ਹੈ

ਅ. ਕਵੀ ਤੋਤਾ ਕਿੱਥੇ ਬੈਠ ਕੇ ਗੀਤ ਸੁਣਾਉਂਦਾ ਹੈ?

(i) ਘਰ ਵਿੱਚ (ii) ਦਰੱਖਤਾਂ ਤੇ

(iii) ਸਕੂਲ ਵਿੱਚ (iv) ਬਾਜ਼ਾਰ ਵਿੱਚ

ੲ. ਕਵੀ ਤੋਤਾ ਲੋਕਾਂ ਨੂੰ ਕੀ ਸੰਦੇਸ਼ ਦਿੰਦਾ ਹੈ?

(i) ਲੜਾਈ ਕਰੋ (ii) ਪੈਸੇ ਕਮਾਓ

(iii) ਨਫ਼ਰਤ ਭੁੱਲ ਕੇ ਪਿਆਰ ਕਰੋ (iv) ਚੁੱਪ ਰਹੋ

ਸ. ਕਵੀ ਤੋਤਾ ਪਿੰਜਰੇ ਵਿੱਚ ਕਿਉਂ ਨਹੀਂ ਰਹਿੰਦਾ?

ਹ. ਕਵਿਤਾ ਦੇ ਅਨੁਸਾਰ ਕਵੀ ਤੋਤਾ ਸਾਨੂੰ ਕੀ ਸਿਖਾਉਂਦਾ ਹੈ?

**ਭਾਗ - ਅ**

**3. ਹੇਠਾਂ ਲਿਖੇ ਵਾਕਾਂ ਵਿੱਚ ਰੰਗੀਨ ਕੀਤੇ ਗਏ ਨਾਂਵ ਸ਼ਬਦਾਂ ਨੂੰ ਲਿੰਗ ਬਦਲੀ ਕਰਕੇ ਦੁਬਾਰਾ ਲਿਖੋ : (4×1=4)**

(ੳ) **ਸ਼ਿਕਾਰਨ** ਆਪਣਾ ਨਿਸ਼ਾਨਾ ਸੇਧ ਰਹੀ ਸੀ ।

(ਅ) ਮੇਲੇ ਵਿੱਚ **ਮੁਟਿਆਰਾਂ ਗਿੱਧਾ ਪਾ** ਰਹੀਆਂ ਸੀ ।

(ੲ) ਮੇਰਾ **ਭਰਾ** ਪਿੰਡ ਵੱਲ ਦੇਖ ਰਿਹਾ ਸੀ ।

(ਸ) **ਚੂਹਾ** ਇੱਧਰ-ਉੱਧਰ ਘੁੰਮਦਾ ਰਿਹਾ ਹੈ ।

**4. ਠੀਕ ਉੱਤਰ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ : (3×1=3)**

(ੳ) ਹੇਠ ਲਿਖੇ ਸ਼ਬਦਾਂ ਵਿੱਚੋਂ 'ਗਾਂ' ਦਾ ਬਹੁ-ਵਚਨ ਕਿਹੜਾ ਹੈ ?

(i) ਗਾਈਂ (ii) ਗਾਂਵਾ

(iii) ਗਾਵਾਂ (iv) ਗਊਆਂ

(ਅ) ਹੇਠ ਲਿਖਿਆਂ ਵਿੱਚੋਂ 'ਸੋਨਾ' ਸ਼ਬਦ ਦਾ ਬਹੁ-ਵਚਨ ਕਿਹੜਾ ਹੈ ?

(i) ਸੋਨੇ (ii) ਸੋਨਿਆਂ

(iii) ਸੋਨਾ (iv) ਇਨ੍ਹਾਂ ਵਿੱਚੋਂ ਕੋਈ ਨਹੀਂ

(ੲ) ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਬਦ ਦਾ ਪੁਲਿੰਗ ਸ਼ਬਦ ਨਹੀਂ ਹੈ ?

(i) ਗਾਂ (ii) ਸ਼ੇਰਨੀ

(iii) ਲੜਕੀ (iv) ਜੀਂ

**5. ਹੇਠ ਲਿਖੇ ਬਹੁਤੇ ਸ਼ਬਦਾਂ ਲਈ ਇੱਕ ਸ਼ਬਦ ਲਿਖੋ : (4×1=4)**

(ੳ) ਆਪਣਾ ਉੱਲੂ ਸਿੱਧਾ ਕਰਨ ਵਾਲਾ-

(ਅ) ਸਾਰਿਆਂ ਦੀ ਸਾਂਝੀ ਰਾਏ -

(ੲ) ਜਿਹੜਾ ਬਹੁਤੀਆਂ ਗੱਲਾਂ ਕਰਦਾ ਹੋਵੇ-

(ਸ) ਜਿਹੜਾ ਬੱਚਾ ਘਰ ਵਿੱਚ ਸਭ ਬੱਚਿਆਂ ਤੋਂ ਪਹਿਲਾਂ ਪੈਦਾ ਹੋਇਆ ਹੋਵੇ -

**6. ਹੇਠਾਂ ਦਿੱਤੇ ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ : (5×1=5)**

(ੳ) ਅੱਖਾਂ ਵਿੱਚ ਲਾਲੀ ਉਤਰਨੀ - (ਅ) ਅਕਾਸ਼ ਨੂੰ ਛੂਹਣਾ -

(ੲ) ਅੱਖਾਂ ਪੁੱਟਣੀ - (ਸ) ਅੱਖਾਂ ਪੱਕ ਜਾਣੀਆਂ -

(ਹ) ਇੱਟ ਨਾਲ ਇੱਟ ਖੜਕਾਉਣਾ -

**7. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ : (4×1=4)**

(ੳ) ਪੁਲਿੰਗ ਸ਼ਬਦ ਤੋਂ ਕੀ ਭਾਵ ਹੈ ?

(ਅ) ਗੈਰ-ਜਾਨਦਾਰ ਵਸਤੂਆਂ ਦੇ ਲਿੰਗ ਤੋਂ ਤੁਹਾਡਾ ਕੀ ਭਾਵ ਹੈ ?

(ੲ) ਵਚਨ ਤੋਂ ਕੀ ਭਾਵ ਹੈ ? ਉਦਾਹਰਨਾਂ ਸਹਿਤ ਦੱਸੋ।

(ਸ) ਇਕ-ਵਚਨ ਤੋਂ ਕੀ ਭਾਵ ਹੈ ?

**ਭਾਗ - ੲ**

**8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ : (5×2=10)**

(ੳ) ਅਸੀਂ ਕੀਮਤੀ ਉਪਹਾਰ ਕਿਵੇਂ ਪਾ ਸਕਦੇ ਹਾਂ?

(ਅ) ਲੇਖਕ ਜਦੋਂ ਚੰਡੀਗੜ੍ਹ ਗਿਆ ਤਾਂ ਉਸ ਨੂੰ ਉੱਥੇ ਕਿਹੜੀ ਖਾਣ ਵਾਲੀ ਚੀਜ਼ ਮਿਲੀ ਅਤੇ ਲੇਖਕ ਨੇ ਉਸ ਬਾਰੇ ਆਪਣੀ ਮਾਂ ਨੂੰ ਕੀ ਕਿਹਾ?

(ੲ) ਲੇਖਕ ਨੂੰ ਚੰਡੀਗੜ੍ਹ ਇਲਾਂਟੇ ਮਾਲ ਵਿੱਚ ਕਿਸ ਤਰ੍ਹਾਂ ਦੇ ਕੱਪੜੇ ਦੇਖਣ ਨੂੰ ਮਿਲੇ?

(ਸ) ਇੱਕ ਬਿੱਘੇ ਵਿੱਚ ਕਿੰਨੇ ਬਿਸਵੇ ਅਤੇ ਬਿਸਵਾਸੀਆਂ ਹੁੰਦੀਆਂ ਹਨ?

(ਹ) 'ਚਾਰ ਕੀਟ ਅਭਿਆਨ' ਕਿਹੜੇ-ਕਿਹੜੇ ਕੀਟਾਂ ਵਿਰੁੱਧ ਸੀ?

**9. ਹੇਠ ਲਿਖੇ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਵਿੱਚ ਦਿਓ : (3×4=12)**

(ੳ) ਸਾਡੇ ਬਜ਼ੁਰਗ ਸੰਯੁਕਤ ਪਰਿਵਾਰ ਦੀ ਸ਼ਾਨ ਕਿਵੇਂ ਵਧਾਉਂਦੇ ਹਨ?

(ਅ) ਲੇਖਕ ਨੂੰ 'ਡੀਜ਼ਲ' ਦੇ ਸ਼ੋਅ-ਰੂਮ ਵਿੱਚ ਜਾ ਕੇ ਕੀ ਅਹਿਸਾਸ ਹੋਇਆ?

(ੲ) ਪੰਜਾਬ ਵਿੱਚ ਜ਼ਮੀਨ ਦੀ ਮਿਣਤੀ ਲਈ ਕਿਹੜੀਆਂ-ਕਿਹੜੀਆਂ ਇਕਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ?

(ਸ) 'ਚਾਰ ਕੀਟ ਅਭਿਆਨ' ਚਲਾਉਣ ਦਾ ਕੀ ਕਾਰਨ ਸੀ ਅਤੇ ਇਸ ਨੂੰ ਕਿਸ ਨੇ ਸ਼ੁਰੂ ਕੀਤਾ?

**10. ਸਹੀ ਸ਼ਬਦ ਲਿਖਕੇ ਖ਼ਾਲੀ ਥਾਵਾਂ ਭਰੋ :** **(3×1=3)**

(ੳ) ਸਭ ਤੋਂ ਵੱਧ ——— ਦੀ ਸੰਖਿਆ ਵਿੱਚ ਵਾਧਾ ਹੋਇਆ।

(ਅ) ਦੇਖਦੇ ਹੀ ਦੇਖਦੇ ——— ਵਿੱਚ ———- ਦੀ ਸਥਿਤੀ ਪੈਦਾ ਹੋ ਚੁੱਕੀ ਸੀ।

(ੲ) ਲੇਖਕ ਨਵੀਆਂ-ਨਵੇਕਲੀਆਂ ਖਾਣ ਵਾਲੀਆਂ ਚੀਜ਼ਾਂ ਦੇਖ ਕੇ ———ਗਿਆ।

**11.ਬਹੁ-ਵਿਕਲਪੀ ਪ੍ਰਸ਼ਨ :** **(5×1=5)**

**1**. ਕਵਿਤਾ ਅਨੁਸਾਰ ਸਾਡੇ ਬਜ਼ੁਰਗ ਸਾਨੂੰ ਕਿਸ ਚੀਜ਼ ਦਾ ਵੱਲ ਸਿਖਾਉਂਦੇ ਹਨ?

(ੳ) ਖੇਡਣ ਦਾ (ਅ) ਜ਼ਿੰਦਗੀ ਜੀਊਣ ਦਾ

(ੲ) ਮਰਨ ਦਾ (ਸ) ਸ਼ਰਾਰਤਾਂ ਕਰਨ ਦਾ

**2**. ਪੁਰਾਣੇ ਸਮਿਆਂ ਵਿੱਚ ਵੱਡੇ ਭੈਣ-ਭਰਾਵਾਂ ਦੇ ਕੱਪੜੇ ਕਿਸ ਨੂੰ ਵਰਤਣ ਲਈ ਦਿੱਤੇ ਜਾਂਦੇ ਸਨ?

(ੳ) ਭਿਖਾਰੀ ਨੂੰ (ਅ) ਗਵਾਂਢੀਆਂ ਦੇ ਬੱਚਿਆਂ ਨੂੰ

(ੲ) ਛੋਟੇ ਭੈਣ-ਭਰਾਵਾਂ ਨੂੰ (ਸ) ਕਿਸੇ ਨੂੰ ਵੀ ਨਹੀਂ

**3**. ਕਾਟਰਾਈਜ਼ ਦੀ ਪੈਂਟ 'ਤੇ ਲੱਗੇ ਕੱਟ ਨੂੰ ਕਿਵੇਂ ਠੀਕ ਕੀਤਾ ਗਿਆ?

(ੳ) ਰਫ਼ੂ ਕਰਕੇ (ਅ) ਟਾਕੀ ਲਗਾ ਕੇ

(ੲ) ਸਿਲਾਈ ਕਰਕੇ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**4**. ਇੱਕ ਫੁੱਟ ਵਿੱਚ ਕਿੰਨੇ ਇੰਚ ਹੁੰਦੇ ਹਨ?

(ੳ) 10 ਇੰਚ (ਅ) 11 ਇੰਚ

(ੲ) 12 ਇੰਚ (ਸ) 15 ਇੰਚ

**5**. ਚੀਨ ਨੇ ਅਮਰੀਕਾ ਦੀ ਅਰਥ-ਵਿਵਸਥਾ ਨੂੰ ਪਛਾੜ ਦੇਣ ਲਈ ਕਿੰਨੇ ਸਾਲ ਦਾ ਟੀਚਾ ਮਿਥਿਆ?

(ੳ) 17 ਸਾਲ (ਅ) 15 ਸਾਲ

(ੲ) 2 ਸਾਲ (ਸ) 10 ਸਾਲ

## ਭਾਗ - ਸ

**12 ਹੇਠ ਦਿੱਤੇ ਲਿਖਾਂ ਵਿੱਚੋਂ ਕੋਈ ਇੱਕ ਲੇਖ ਰਚਨਾ ਲਿਖੋ :** **(8)**

ਪੰਡਤ ਜਵਾਹਰ ਲਾਲ ਨਹਿਰੂ

**ਜਾਂ**

ਪੰਜਾਬ ਦੇ ਮੇਲੇ

**13. ਕੋਈ ਇੱਕ ਪੱਤਰ ਲਿਖੋ :** **(7)**

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਆਪਣੀ ਵੱਡੀ ਭੈਣ ਦੇ ਵਿਆਹ ਉੱਤੇ ਇੱਕ ਹਫ਼ਤੇ ਦੀਆਂ ਛੁੱਟੀਆਂ ਲੈਣ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਸੈਕਸ਼ਨ ਬਦਲਨ ਲਈ ਬਿਨੈ-ਪੱਤਰ ਲਿਖੋ।